ਇਹੁ ਹਮਾਰਾ ਜੀਵਣਾ

4.1.97

4-1-1997

# ਸਰਕਾਰ, ਸਰਕਾਰੀ ਮੁਲਾਜ਼ਮ ਅਤੇ ਲੋਕ

ਗੁਰਸ਼ਰਨ ਸਿੰਘ

ਵੋਟਾਂ ਦੀ ਖ਼ਾਤਰ ਜਾਂ ਲੋਕ-ਰਾਏ ਦੇ ਦਬਾਅ ਕਾਰਨ ਸਰਕਾਰ ਬਹੁਤ ਸਾਰੇ ਫੈਸਲੇ ਲੈਂਦੀ ਹੈ, ਜੋ ਲੋਕਾਂ ਦੀ ਰਾਹਤ ਲਈ ਹੁੰਦੇ ਹਨ। ਅੱਗੋਂ ਇਹ ਫੈਸਲੇ ਲਾਗੂ ਕਿਸ ਤਰ੍ਹਾਂ ਹੁੰਦੇ ਹਨ ਜਾਂ ਰਾਹਤ ਲੋਕਾਂ ਤੱਕ ਕਿਸ ਤਰ੍ਹਾਂ ਪੁੱਜੇ, ਇਹ ਇਕ ਐਸਾ ਮੁੱਦਾ ਹੈ, ਜਿਸ ਵਿਚ ਸਰਕਾਰੀ ਮੁਲਾਜ਼ਮ ਭਾਵੇਂ ਉਹ ਅਫ਼ਸਰ ਹੋਣ ਜਾਂ ਥੱਲੇ ਵਾਲੇ ਕਰਮਚਾਰੀ ਹੋਣ, ਉਨ੍ਹਾਂ ਨੇ ਇਕ ਅਹਿਮ ਭੂਮਿਕਾ ਨਿਭਾਉਣੀ ਹੁੰਦੀ ਹੈ। ਇਸ ਭੂਮਿਕਾ ਬਾਰੇ ਸੰਜੀਦਗੀ ਨਾਲ ਸੋਚਣਾ ਬਣਦਾ ਹੈ। ਇਹ ਸਾਰੇ ਸਰਕਾਰੀ ਮੁਲਾਜ਼ਮ ਭਾਵੇਂ ਸਾਧਾਰਨ ਲੋਕਾਂ ਵਿਚੋਂ ਹੀ ਹੁੰਦੇ ਹਨ ਪਰ ਇਹ ਵੇਖਿਆ ਗਿਆ ਹੈ ਕਿ ਇਹ ਭਾਵੇਂ ਕਿਸੇ ਨਿੱਕੀ ਜਿਹੀ ਕੁਰਸੀ ਜਾਂ ਸਟੂਲ 'ਤੇ ਹੀ ਬੈਠਣ ਵਾਲੇ ਹੋਣ, ਇਨ੍ਹਾਂ ਦੀ ਪਹੁੰਚ ਆਕੜ ਵਾਲੀ ਲੋਕ-ਦੁਸ਼ਮਣ ਹੁੰਦੀ ਹੈ। ਵੱਡੇ ਨੂੰ ਸਲਾਮ ਕਹਿਣ ਦੀ ਅਤੇ ਗਰੀਬ ਨੂੰ ਦਬਕਾ ਇਨ੍ਹਾਂ ਦੀ ਆਦਤ ਬਣ ਜਾਂਦੀ ਹੈ। ਅਧਿਆਪਕ ਹੋਣ, ਬਿਜਲੀ ਮੁਲਾਜ਼ਮ ਹੋਣ, ਪਟਵਾਰੀ ਹੋਣ, ਦਫ਼ਤਰਾਂ ਦੇ ਕਲਰਕ ਹੋਣ, ਇਹ ਆਮ ਬੰਦੇ ਨਾਲ ਬੁਰੀ ਤਰ੍ਹਾਂ ਪੇਸ਼ ਆਉਂਦੇ ਹਨ। ਸਾਲਾਂ ਦੇ ਸਾਲ ਲੰਘਣ ਨਾਲ ਇਹ ਤਬਕਾ ਆਪਣੇ-ਆਪ ਵਿਚ ਇਕ ਜਮਾਤ ਬਣ ਗਿਆ ਹੈ। ਇਸ ਜਮਾਤ ਦੇ ਲੋਕ-ਦੁਸ਼ਮਣ ਕਿਰਦਾਰ ਬਾਰੇ ਨੋਟਿਸ ਲੈਣਾ ਜ਼ਰੂਰੀ ਹੈ। ਹਰ ਇਕ ਇਲਜ਼ਾਮ ਸਿਸਟਮ ਨੂੰ ਦੇਣ ਨਾਲ ਜਾਂ ਹਾਕਮ ਸਿਆਸੀ ਪਾਰਟੀ ਨੂੰ ਦੇਣ ਨਾਲ ਗੱਲ ਨਹੀਂ ਬਣਦੀ।

ਬੁਢਾਪਾ ਪੈਨਸ਼ਨ ਸਰਕਾਰ ਦੇ ਐਲਾਨ ਅਨੁਸਾਰ ਐਸੇ ਬਜ਼ੁਰਗਾਂ ਨੂੰ ਦਿੱਤੀ ਜਾਣੀ ਹੈ, ਜੋ ਉਮਰ ਦੀ ਇਕ ਹੱਦ ਪਾਰ ਕਰ ਗਏ ਹਨ। ਇਹ ਪੈਨਸ਼ਨ, ਜਿਹੜੇ ਪੈਨਸ਼ਨ ਦੇ ਹੱਕਦਾਰ ਹਨ, ਉਨ੍ਹਾਂ ਨੂੰ ਮਿਲਣੀ ਚਾਹੀਦੀ ਹੈ। ਇਹ ਸਰਕਾਰੀ ਮੁਲਾਜ਼ਮਾਂ ਦਾ ਫਰਜ਼ ਬਣਦਾ ਹੈ ਕਿ ਉਹ ਲੋੜਵੰਦਾਂ ਦੀ ਸਹਾਇਤਾ ਕਰਨ ਕਿ ਇਹ ਪੈਨਸ਼ਨ ਸੌਖੀ ਤਰ੍ਹਾਂ ਮਿਲ ਜਾਏ। ਕਿਸੇ ਪਟਵਾਰੀ ਜਾਂ ਸਰਕਾਰੀ ਮੁਲਾਜ਼ਮ ਵਲੋਂ ਤਸਦੀਕ ਕੀਤੀ ਜਾਂਦੀ ਹੈ ਤੇ ਉਹ ਕਰ ਦਿੱਤੀ ਜਾਏ। ਰੋੜੇ ਨਾ ਅਟਕਾਏ ਜਾਣ। ਬਜ਼ੁਰਗ ਨੂੰ ਧੱਕੇ ਨਾ ਖਾਣੇ ਪੈਣ। ਇਸ ਵੇਲੇ ਤਾਂ ਇਹ ਅਸਲੀਅਤ ਹੈ ਕਿ ਉਹਨੂੰ ਏਨੇ ਧੱਕੇ ਖਾਣੇ ਪੈਂਦੇ ਹਨ ਕਿ ਅਵਾਜ਼ਾਰ ਹੋ ਕੇ ਉਹ ਕਹਿੰਦਾ ਹੈ—"ਮੈਂ ਨਹੀਂ ਲੈਂਦਾ ਇਹ ਪੈਨਸ਼ਨ।" ਸਰਕਾਰ ਕਾਂਗਰਸ ਦੀ ਹੋਵੇ, ਅਕਾਲੀ ਪਾਰਟੀ ਦੀ ਹੋਵੇ ਜਾਂ ਤੀਜੀ ਧਿਰ ਵਾਲਿਆਂ ਦੀ ਹੋਵੇ, ਇਹ ਧੱਕੇ ਉਸਨੂੰ ਪੈਣਗੇ ਹੀ। ਇਸ ਵਿਚ ਸਰਕਾਰੀ ਮੁਲਾਜ਼ਮਾਂ ਦੀ ਜ਼ਹਿਨੀਅਤ ਵੱਡੀ ਭੂਮਿਕਾ ਨਿਭਾਉਂਦੀ ਹੈ, ਸਿਆਸਤ ਦੀ ਵਚਨਬੱਧੀ ਨਹੀਂ।

> **ਜਦੋਂ ਇਹ ਸਭ ਕੁੱਝ ਲਿਖਿਆ ਜਾ ਰਿਹਾ ਹੈ ਤਾਂ ਇਹ ਇਕ ਆਮ ਆਦਮੀ ਦੇ ਪ੍ਰਭਾਵਾਂ ਅਨੁਸਾਰ ਲਿਖਿਆ ਜਾ ਰਿਹਾ ਹੈ। ਆਮ ਆਦਮੀ ਦਾ ਪ੍ਰਭਾਵ ਹੈ ਕਿ ਬੱਸਾਂ ਦੇ ਕੰਡਕਟਰ ਹੋਣ, ਕਚਹਿਰੀਆਂ ਦੇ ਮੁਲਾਜ਼ਮ ਹੋਣ, ਸਰਕਾਰੀ ਦਫ਼ਤਰ ਦੇ ਮੁਲਾਜ਼ਮ ਹੋਣ, ਉਹ ਬਹੁਤੀ ਵਾਰ ਲੋਕ-ਦੁਸ਼ਮਣ ਭੂਮਿਕਾ ਨਿਭਾਉਂਦੇ ਹਨ। ਬਹਾਨੇ ਉਨ੍ਹਾਂ ਕੋਲ ਬੜੇ ਹਨ। ਅਸਲ ਤਕਲੀਫਾਂ ਵੀ ਬੜੀਆਂ ਹਨ ਪਰ ਲੋਕਾਂ ਵੱਲ ਫਰਜ਼ ਸਭ ਤੋਂ ਉੱਤੇ ਹੈ। ਇਹ ਮੁਲਾਜ਼ਮ ਯੂਨੀਅਨਾਂ ਵਿਚ ਜਥੇਬੰਦ ਹਨ। ਇਹ ਆਪਣੇ ਹਿੱਤਾਂ ਲਈ ਸੰਘਰਸ਼ ਕਰਨ, ਕਿਸੇ ਹੈਂਕੜਬਾਜ਼ ਅਫ਼ਸਰ ਦੀ ਹੈਂਕੜ ਭੰਨ੍ਹਣ, ਇਹ ਆਪਣੀਆਂ ਮੰਗਾਂ ਲਈ ਧਰਨੇ ਦੇਣ, ਇਹ ਇਨ੍ਹਾਂ ਦੇ ਹੱਕ ਹਨ, ਪਰ ਲੋਕਾਂ ਵੱਲ ਆਪਣੇ ਫਰਜ਼ਾਂ ਨੂੰ ਯਾਦ ਰੱਖਣਾ ਵੀ ਇਨ੍ਹਾਂ ਦਾ ਫਰਜ਼ ਹੈ।**

ਬਿਜਲੀ ਦੇ ਬਿਲ ਕਿਸੇ ਦਫ਼ਤਰ ਵਿਚ ਦੇਣ ਜਾਓ ਤਾਂ ਮਜ਼ਾਲ ਹੈ ਕਿ ਡਿਊਟੀ ਵਾਲਾ ਕਲਰਕ ਟਿਕ ਕੇ ਆਪਣੀ ਡਿਊਟੀ ਨਿਭਾਏ। ਹਰ ਅੱਧੇ ਘੰਟੇ ਦੇ ਬਾਅਦ ਉਹਨੂੰ ਚਾਹ ਚਾਹੀਦੀ ਹੈ ਜਾਂ ਉਹਨੂੰ ਨਿੱਜੀ ਕੰਮ ਯਾਦ ਆ ਜਾਏਗਾ। ਲੋਕ ਭਾਵੇਂ ਬਾਹਰ ਖੜ੍ਹੇ ਖਿਝੀ ਜਾਣ, ਉਹਨੂੰ ਪ੍ਰਵਾਹ ਨਹੀਂ। ਬਿਜਲੀ ਦੇ ਮੁਲਾਜ਼ਮਾਂ ਦੀ ਬੜੀ ਸ਼ਕਤੀਸ਼ਾਲੀ ਯੂਨੀਅਨ ਹੈ। ਇਸ ਯੂਨੀਅਨ ਦੇ ਆਗੂਆਂ ਦਾ ਫ਼ਰਜ਼ ਹੈ ਕਿ ਉਹ ਮੁਲਾਜ਼ਮਾਂ ਨੂੰ ਲੋਕਾਂ ਵੱਲ ਪਹੁੰਚ ਦਾ ਲੋਕ-ਪੱਖੀ ਨਜ਼ਰੀਆ ਸਮਝਾਉਣ। ਸਾਰੇ ਬੱਚਿਆਂ ਨੂੰ ਪੜ੍ਹਾਈ ਦੀ ਸਹੂਲਤ ਮੁਹੱਈਆ ਹੋਵੇ, ਜਿਹੜੇ ਪਿੰਡਾਂ ਦੇ ਬੱਚੇ ਜਾਂ ਗ਼ਰੀਬ ਬਸਤੀਆਂ ਦੇ ਬੱਚੇ ਸਕੂਲ ਨਹੀਂ ਆਉਂਦੇ, ਉੱਥੋਂ ਦੇ ਸਕੂਲਾਂ ਜਿਹੜੇ ਅਧਿਆਪਕ ਹਨ, ਉਹ ਥੋੜ੍ਹਾ ਸਮਾਂ ਕੱਢ ਕੇ ਇਹ ਭੂਮਿਕਾ ਨਿਭਾ ਸਕਦੇ ਹਨ ਕਿ ਉਨ੍ਹਾਂ ਬੱਚਿਆਂ ਨੂੰ ਸਕੂਲ ਲਿਆਂਦਾ ਜਾਏ। ਸਕੂਲ ਪੜ੍ਹਦੇ ਬੱਚਿਆਂ ਕੋਲੋਂ ਇਹ ਜਾਣਕਾਰੀ ਮਿਲ ਸਕਦੀ ਹੈ ਕਿ ਕਿਹੜੇ-ਕਿਹੜੇ ਬੱਚੇ ਨਹੀਂ ਆਏ। ਉਨ੍ਹਾਂ ਨੂੰ ਸਕੂਲ ਵਿਚ ਲਿਆਉਣ ਵਿਚ ਕੀ-ਕੀ ਸਮਾਜਕ ਦਿੱਕਤਾਂ ਹਨ। ਇਹ ਸਾਫ਼ ਹੈ ਕਿ ਬਹੁਤ ਹੱਦ ਤੱਕ ਗ਼ਰੀਬਾਂ ਦੇ ਬੱਚੇ ਹੀ ਸਕੂਲ ਨਹੀਂ [illegible]ਂਦੇ। ਸਮਾਜਕ ਚੇਤਨਾ ਵਾਲੇ ਅਧਿਆਪਕ ਨੂੰ ਇਸ ਦਿ[illegible] ਵਚ ਆਪਣੀ ਭੂਮਿਕਾ ਨਹੀਂ ਭੁੱਲਣੀ ਚਾਹੀਦੀ।

ਜਵਾਹਰ ਰੁਜ਼ਗਾਰ ਯੋਜਨਾ ਇਕ ਐਸੀ ਯੋਜਨਾ ਹੈ, ਜੋ ਪੇਂਡੂ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦਾ ਉਪਰਾਲਾ ਕਰ ਸਕਦੀ ਹੈ। ਇਹ ਆਪਣੇ-ਆਪ ਵਿਚ ਇਕ ਚੰਗੀ ਯੋਜਨਾ ਹੈ। ਸਰਕਾਰੀ ਮੁਲਾਜ਼ਮ ਜਾਂ ਬੈਂਕ ਮੁਲਾਜ਼ਮ ਇਸ ਵਿਚ ਸਾਧਾਰਨ ਗਰੀਬ ਨੌਜਵਾਨਾਂ ਦੀ ਸਹਾਇਤਾ ਕਰ ਸਕਦੇ ਹਨ, ਪਰ ਉਹ ਨਹੀਂ ਕਰਦੇ, ਸਗੋਂ ਮੁਸ਼ਕਲ ਪਾਉਂਦੇ ਹਨ ਤਾਂ ਫਿਰ ਦਲਾਲ ਜਾਂ ਵਿਚੋਲੇ ਵਿਚੋਂ ਖੱਟੀ ਕਰਨ ਲਈ ਆ ਟਪਕਦੇ ਹਨ।

ਪੋਲੀਓ ਡਰਾਪ ਯੋਜਨਾ ਵਿਚ ਸਰਕਾਰੀ ਡਾਕਟਰਾਂ ਨੇ ਆਪਣੀ ਭੂਮਿਕਾ ਨਿਭਾਉਣੀ ਹੈ। ਸਿਹਤ ਮੰਤਰੀ ਜਾਂ ਸਿਹਤ ਡਾਇਰੈਕਟਰ ਨੇ ਹਰ ਥਾਂ ਨਹੀਂ ਪੁੱਜਣਾ ਹੁੰਦਾ। ਡਾਕਟਰਾਂ ਨੇ ਸੇਵਾ ਗਰੀਬਾਂ ਦੇ ਬੱਚਿਆਂ ਦੀ ਹੀ ਕਰਨੀ ਹੈ ਤੇ ਉਨ੍ਹਾਂ ਨੂੰ ਕਰਨੀ ਚਾਹੀਦੀ ਹੈ। ਐਵੇਂ ਖਾਨਾਪੂਰੀ ਕਰਨਾ ਠੀਕ ਨਹੀਂ ਹੋਵੇਗਾ। ਹੜ੍ਹ ਆ ਜਾਣ, ਰਾਹਤ ਸਰਕਾਰੀ ਮੁਲਾਜ਼ਮਾਂ ਨੇ ਹੀ ਪਹੁੰਚਾਣੀ ਹੁੰਦੀ ਹੈ। ਜਦੋਂ ਇਹ ਸਭ ਕੁੱਝ ਲਿਖਿਆ ਜਾ ਰਿਹਾ ਹੈ ਤਾਂ ਇਹ ਇਕ ਆਮ ਆਦਮੀ ਦੇ ਪ੍ਰਭਾਵਾਂ ਅਨੁਸਾਰ ਲਿਖਿਆ ਜਾ ਰਿਹਾ ਹੈ। ਆਮ ਆਦਮੀ ਦਾ ਪ੍ਰਭਾਵ ਹੈ ਕਿ ਬੱਸਾਂ ਦੇ ਕੰਡਕਟਰ ਹੋਣ, ਕਚਹਿਰੀਆਂ ਦੇ ਮੁਲਾਜ਼ਮ ਹੋਣ, ਸਰਕਾਰੀ ਦਫ਼ਤਰ ਦੇ ਮੁਲਾਜ਼ਮ ਹੋਣ, ਉਹ ਬਹੁਤੀ ਵਾਰ ਲੋਕ-ਦੁਸ਼ਮਣ ਭੂਮਿਕਾ ਨਿਭਾਉਂਦੇ ਹਨ। ਬਹਾਨੇ ਉਨ੍ਹਾਂ ਕੋਲ ਬੜੇ ਹਨ। ਅਸਲ ਤਕਲੀਫਾਂ ਵੀ ਬੜੀਆਂ ਹਨ ਪਰ ਲੋਕਾਂ ਵੱਲ ਫਰਜ਼ ਸਭ ਤੋਂ ਉੱਤੇ ਹੈ। ਇਹ ਮੁਲਾਜ਼ਮ ਯੂਨੀਅਨਾਂ ਵਿਚ ਜਥੇਬੰਦ ਹਨ। ਇਹ ਆਪਣੇ ਹਿੱਤਾਂ ਲਈ ਸੰਘਰਸ਼ ਕਰਨ, ਕਿਸੇ ਹੈਂਕੜਬਾਜ਼ ਅਫ਼ਸਰ ਦੀ ਹੈਂਕੜ ਭੰਨ੍ਹਣ, ਇਹ ਆਪਣੀਆਂ ਮੰਗਾਂ ਲਈ ਧਰਨੇ ਦੇਣ, ਇਹ ਇਨ੍ਹਾਂ ਦੇ ਹੱਕ ਹਨ, ਪਰ ਲੋਕਾਂ ਵੱਲ ਆਪਣੇ ਫਰਜ਼ਾਂ ਨੂੰ ਯਾਦ ਰੱਖਣਾ ਵੀ ਇਨ੍ਹਾਂ ਦਾ ਫਰਜ਼ ਹੈ।